# ਆਧੁਨਿਕ ਰਾਜਨੀਤਿਕ ਵਿਸ਼ਲੇਸ਼ਣ

# MODERN POLITICAL ANALYSIS

## ਅਰਥ , ਪਰਿਭਾਸ਼ਾ ਅਤੇ ਵਿਸ਼ੇਸ਼ਤਾਵਾਂ



# INTRODUCTION

- ਆਧੁਨਿਕ ਰਾਜਨੀਤਿਕ ਵਿਸ਼ਲੇਸ਼ਣ ਨੂੰ ਅਸੀਂ ਰਾਜਨੀਤੀ ਦਾ ਨਵਾਂ ਵਿਗਿਆਨ ਕਹਿ ਸਕਦੇ ਹਾਂ , ਜਿਹੜਾ ਰਾਜਨੀਤਿਕ – ਸ਼ਾਸਤਰ ਵਿਚ ਵਿਹਾਰਵਾਦੀ ਕ੍ਰਾਂਤੀ ਆਉਣ ਦੇ ਸਮੇਂ ਤੋਂ ਵਿਕਸਿਤ ਹੋ ਰਿਹਾ ਹੈ। ਸਿਧਾਂਤ ਨਿਰਮਾਣ ਲਈ ਅਨੁਭਵਵਾਦੀ ਅਤੇ ਵਿਗਿਆਨਕ ਸਾਧਨਾ ਦਾ ਪ੍ਰਯੋਗ ਕਰਨਾ ਇਸਦੀ ਮੁੱਢਲੀ ਵਿਸ਼ੇਸ਼ਤਾ ਹੈ। ਇਹ ਰਾਜਨੀਤੀ ਦੇ ਅਧਿਐਨ ਨੂੰ ਰਾਜਨੀਤਿਕ ਪ੍ਰਕਿਰਿਆ ਦਾ ਅਧਿਐਨ ਮੰਨਦਾ ਹੈ ਅਤੇ ਰਾਜਨੀਤੀ ਨੂੰ ਮਨੁੱਖੀ ਵਿਹਾਰ ਦੇ ਅਧਿਐਨ ਬਣਾਉਣ ਦੇ ਪੱਖ ਵਿਚ ਹੈ। ਜਦਕਿ ਰਾਜਨੀਤਿਕ ਸ਼ਾਸਤਰ ਦੇ ਵਿਦਿਆਰਥੀ ਸੁਚੇਤ ਹੋ ਕੇ ਨਿਰੀਖਣ , ਵਰਗੀਕਰਨ ਅਤੇ ਮਾਪਣ ਦੇ ਮਾਧਿਅਮ ਰਾਹੀਂ ਅਨੁਭਵ ਦੇ ਆਧਾਰ ਤੇ ਆਪਣੀਆਂ ਸਮਾਨਤਾਵਾਂ ਤੇ ਸਿਧਾਂਤਾਂ ਦਾ ਪਰੀਖਣ ਕਰਦੇ ਹਨ ਤਦ ਰਾਜਨੀਤਿਕ ਵਿਸ਼ਲੇਸ਼ਣ ਵਿਗਿਆਨਕ ਅਤੇ ਆਧੁਨਿਕ ਹੁੰਦਾ ਹੈ।

# MEANING

- ਸਾਧਾਰਨ ਸ਼ਬਦਾਂ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਆਧੁਨਿਕ ਰਾਜਨੀਤਿਕ ਵਿਸ਼ਲੇਸ਼ਣ ਰਾਜਨੀਤੀ ਦਾ ਉਹ ਨਵਾਂ ਵਿਗਿਆਨ ਹੈ ਜਿਹੜਾ ਬਹੁਤ ਸਾਰੇ ਨਵੇਂ ਦ੍ਰਿਸ਼ਟੀਕੋਣ ਅਤੇ ਧਾਰਨਾਵਾਂ ਦੀ ਸਹਾਇਤਾ ਨਾਲ ਰਾਜਨੀਤੀ ਦਾ ਅਧਿਐਨ ਕਰਦਾ ਹੈ ਅਤੇ ਰਾਜਨੀਤੀ ਦੇ ਇੱਕ ਸੱਚੇ ਵਿਗਿਆਨ ਦੇ ਨਿਰਮਾਣ ਦੀ ਕੋਸ਼ਿਸ਼ ਕਰਦਾ ਹੈ।

# DEFINITIONS

1. ਰਾਬਰਟ ਡਾਹਲ ਦੇ ਸ਼ਬਦਾਂ ਵਿਚ , ਆਧੁਨਿਕ ਰਾਜਨੀਤਿਕ ਵਿਸ਼ਲੇਸ਼ਣ ਇਹ ਵਿਸ਼ਵਾਸ ਕਰਦਾ ਹੈ ਕਿ ਅਜਿਹੇ ਨਵੇਂ ਵਾਧੂ ਤਰੀਕੇ ਅਤੇ ਧਾਰਨਾਵਾਂ ਜੋ ਜਾਂ ਤਾਂ ਮੌਜੂਦ ਹਨ ਜਾਂ ਜਿਨ੍ਹਾਂ ਦਾ ਵਿਕਾਸ ਕੀਤਾ ਜਾ ਸਕਦਾ ਹੈ ਅਤੇ ਜਿਹੜੇ ਰਾਜਨੀਤਿਕ ਵਿਗਿਆਨ ਨੂੰ ਅਜਿਹੇ ਅਨੁਭਵਾਦੀ ਅਤੇ ਨਿਯਮਬੱਧ ਸਿਧਾਂਤ ਪ੍ਰਦਾਨ ਕਰ ਸਕਦੇ ਹਨ ਜੋਂ ਰਾਜਨੀਤਿਕ ਘਟਨਾਵਾਂ ਦੇ ਤੱਥਾਂ ਦੀ ਪਰਖ ਤੇ ਆਧਾਰਿਤ ਹੋਵੇ ।
2. ਡੇਵਿਸ ਅਤੇ ਲੇਵਿਸ ਦੇ ਸ਼ਬਦਾਂ ਵਿਚ ,“ ਆਧੁਨਿਕ ਰਾਜਨੀਤਿਕ ਵਿਸ਼ਲੇਸ਼ਣ ਇੱਕ ਅਜਿਹੇ ਨਵੇਂ ਰਾਜਨੀਤਿਕ ਵਿਗਿਆਨ ਦੀ ਖੋਜ ਹੈ ਜਿਸ ਵਿਚ ਰਾਜਨੀਤਿਕ ਵਿਹਾਰ ਦੀਆਂ ਸੰਰਚਨਾਵਾਂ ਅਤੇ ਕੰਮਾਂ ਉੱਪਰ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ ।“

# MODERN POLITICAL ANALYSIS : MAIN FEATURES (ਆਧੁਨਿਕ ਰਾਜਨੀਤਿਕ ਵਿਸ਼ਲੇਸ਼ਣ : ਮੁੱਖ ਵਿਸ਼ੇਸ਼ਤਾਵਾਂ )

ਆਧੁਨਿਕ ਰਾਜਨੀਤਿਕ ਵਿਸ਼ਲੇਸ਼ਣ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਮੁਢਲੀਆਂ ਮਾਨਤਾਵਾਂ ਦੀ ਵਿਆਖਿਆ ਹੇਠ ਲਿਖੇ ਰੂਪ ਵਿਚ ਕੀਤੀ ਜਾ ਸਕਦੀ ਹੈ :

1. ਸਿਧਾਂਤ ਅਤੇ ਵਿਚਾਰਧਾਰਾ ਵਿਚ ਅੰਤਰ
2. ਵਿਗਿਆਨਕ ਸਿਧਾਂਤ – ਨਿਰਮਾਣ
3. ਅਨੁਭਵਵਾਦੀ ਸਿਧਾਂਤ
4. ਹਿਸਾਬੀ ਅਤੇ ਸੰਖਿਅਕ ਸਾਧਨਾਂ ਦਾ ਪ੍ਰਯੋਗ
5. ਰਾਜਨੀਤਿਕ ਵਿਹਾਰ ਜਾਂ ਰਾਜਨੀਤਿਕ ਪ੍ਰਕਿਰਿਆ ਦਾ ਅਧਿਐਨ ਪ੍ਰਮੁੱਖ ਕੇਂਦਰ –ਬਿੰਦੂ
6. ਰਾਜਨੀਤੀ ਦੇ ਸਮਾਜਿਕ-ਆਰਥਿਕ ਵਾਤਾਵਰਨ ਦਾ ਅਧਿਐਨ
7. ਅੰਤਰ – ਵਿਸ਼ਿਅਕ ਦ੍ਰਿਸ਼ਟੀਕੋਣ
8. ਰਾਜਨੀਤੀ ਦਾ ਰਾਜਨੀਤਿਕ ਵਿਵਸਥਾ ਦੇ ਰੂਪ ਵਿਚ ਅਧਿਐਨ
9. ਸ਼ੋਧ ਅਤੇ ਸਿਧਾਂਤ – ਨਿਰਮਾਣ ਲਈ ਵਿਗਿਆਨਕ ਢੰਗ ਦਾ ਪ੍ਰਯੋਗ
10. ਤੁਲਨਾਤਮਕ ਰਾਜਨੀਤਿਕ ਅਧਿਐਨ ਤੇ ਜ਼ੋਰ
11. ਇਕ ਨਵਾਂ ਸਿਧਾਂਤਕ ਕ੍ਰਮ

# MAJOR ASSUMPTIONS
# ( ਪ੍ਰਮੁੱਖ ਮਾਨਤਾਵਾਂ)

1. ਰਾਜਨੀਤਿਕ ਅਤੇ ਰਾਜਨੀਤਿਕ ਸ਼ਾਸਤਰ ਵਿਚ ਕੋਈ ਭੇਦ ਨਹੀਂ ।
2. ਰਾਜਨੀਤੀ , ਸ਼ਕਤੀ , ਸ਼ਕਤੀ – ਸੰਬੰਧਾਂ ਅਤੇ ਰਾਜਨੀਤਿਕ ਪ੍ਰਕਿਰਿਆਵਾਂ ਦਾ ਅਧਿਐਨ ਕਰਦੀ ਹੈ ।
3. ਰਾਜਨੀਤਿਕ ਅਧਿਐਨ ਦੇ ਲਈ ਵਿਗਿਆਨਕ ਅਤੇ ਅਨੁਭਵਵਾਦੀ ਢੰਗਾਂ ਦੀ ਵਰਤੋਂ ਕੀਤੀ ਜਾ ਸਕਦੀ ਹੈ ।
4. ਰਾਜਨੀਤਿਕ ਅਧਿਐਨ ਅਨੁਭਵਵਾਦੀ ਤੱਤਾਂ ਤੇ ਆਧਾਰਿਤ ਕੀਤਾ ਜਾਣਾ ਜ਼ਰੂਰੀ ਹੈ ।

# CONCLUSION

- ਉਪਰੋਕਤ ਵਿਚਾਰਾਂ ਤੋਂ ਸਾਨੂੰ ਪਤਾ ਲੱਗਦਾ ਹੈ ਕਿ ਰਾਜਨੀਤਿਕ ਵਿਸ਼ਲੇਸ਼ਣ ਰਾਜਨੀਤੀ ਦਾ ਉਹ ਨਵਾਂ ਵਿਗਿਆਨ ਹੈ ਜਿਹੜਾ ਬਹੁਤ ਸਾਰੇ ਨਵੇਂ ਦ੍ਰਿਸ਼ਟੀਕੋਣ ਅਤੇ ਧਾਰਨਾਵਾਂ ਨਾਲ ਰਾਜਨੀਤੀ ਦਾ ਅਧਿਐਨ ਕਰਦਾ ਹੈ | ਆਧੁਨਿਕ ਰਾਜਨੀਤਿਕ ਵਿਸ਼ਲੇਸ਼ਣ ਉਹ ਨਵਾਂ ਵਿਗਿਆਨ ਹੈ ਜਿਹੜਾ ਰਾਜਨੀਤਿਕ ਸ਼ਾਸਤਰ ਵਿਚ ਵਿਹਾਰਵਾਦੀ ਕ੍ਰਾਂਤੀ ਦੇ ਆਉਣ ਦੇ ਸਮੇਂ ਤੋਂ ਹੀ ਵਿਕਸਿਤ ਹੁੰਦਾ ਆਇਆ ਰਿਹਾ ਹੈ | ਆਧੁਨਿਕ ਰਾਜਨੀਤਿਕ ਵਿਸ਼ਲੇਸ਼ਣ ਦੀਆਂ ਅਨੇਕਾਂ ਵਿਸ਼ੇਸ਼ਤਾਵਾਂ ਹਨ ਜਿਵੇਂ ਕਿ ਸਿਧਾਂਤ ਅਤੇ ਵਿਚਾਰਧਾਰਾ ਵਿਚ ਅੰਤਰ , ਵਿਗਿਆਨਕ ਸਿਧਾਂਤ ਨਿਰਮਾਣ , ਅਨੁਭਵਵਾਦੀ ਸਿਧਾਂਤ , ਹਿਸਾਬੀ ਅਤੇ ਸੰਖਿਅਕ ਸਾਧਨਾਂ ਦਾ ਪ੍ਰਯੋਗ , ਰਾਜਨੀਤਿਕ ਵਿਹਾਰ ਜਾਂ ਰਾਜਨੀਤਿਕ ਪ੍ਰਕਿਰਿਆ ਦਾ ਅਧਿਐਨ ਪ੍ਰਮੁੱਖ ਕੇਂਦਰ –ਬਿੰਦੂ ਆਦਿ |